# बाबा आजा गुफ़ा चो बाहर की वेला हूँन तारण दा /**ਬਾਬਾ ਆਜਾ ਗੁਫ਼ਾ ਚੋਂ ਬਾਹਰ**

ਬਾਬਾ ਆਜਾ ਗੁਫ਼ਾ ਚੋਂ ਬਾਹਰ

ਬਾਬਾ, ਆਜਾ, ਗੁਫ਼ਾ ਚੋਂ ਬਾਹਰ,
ਕਿ ਵੇਲਾ ਹੁਣ, ਤਾਰਣ ਦਾ ।
ਜੋਗੀ, ਆਜਾ, ਗੁਫ਼ਾ ਚੋਂ ਬਾਹਰ,
ਕਿ ਵੇਲਾ ਹੁਣ, ਤਾਰਣ ਦਾ ।
ਓ ਤੁਸੀਂ, ਤਾਰੋ, ਤਾਰਣਹਾਰ,
ਕਿ ਵੇਲਾ ਹੁਣ, ਤਾਰਣ ਦਾ ।

ਨਾਮ, ਤੇਰੇ ਦੇ, ਆਏ ਦੀਵਾਨੇ ।
ਨਾਮ, ਤੇਰੇ ਦੇ ਬਾਬਾ, ਗਾਉਣ ਤਰਾਨੇ ॥
ਹੁਣ, ਕਰ ਦਿਓ, ਬੇੜਾ ਪਾਰ,
ਕਿ ਵੇਲਾ ਹੁਣ, ਤਾਰਣ ਦਾ ।
ਬਾਬਾ, ਆਜਾ, ਗੁਫ਼ਾ ਚੋਂ ਬਾਹਰ...

ਨਾਮ, ਤੇਰੇ ਦੀ, ਮਸਤੀ ਛਾਈ ।
ਚਰਨਾਂ, ਦੇ ਵਿੱਚ, ਅਰਜ਼ ਲਗਾਈ ॥
ਓ ਆ ਕੇ, ਲੈ, ਬੱਚਿਆਂ ਦੀ ਸਾਰ,
ਕਿ ਵੇਲਾ ਹੁਣ, ਤਾਰਣ ਦਾ ।
ਬਾਬਾ, ਆਜਾ, ਗੁਫ਼ਾ ਚੋਂ ਬਾਹਰ...

ਕਰਕੇ, ਮੋਰ, ਸਵਾਰੀ ਆਵੋ ।
ਭਗਤਾਂ, ਦੇ ਤੁਸੀਂ, ਕਸ਼ਟ ਮਿਟਾਵੋ ॥
ਓਹਤੇ, ਨਿਗਾਹ, ਮੇਹਰ ਦੀ ਮਾਰ,
ਕਿ ਵੇਲਾ ਹੁਣ, ਤਾਰਣ ਦਾ ।
ਬਾਬਾ, ਆਜਾ, ਗੁਫ਼ਾ ਚੋਂ ਬਾਹਰ...

ਦਾਸ ਦਾ, ਤਰਲਾ, ਜਾਣੀ ਨਾ ਤਾਹਨਾ ।
ਦਰ ਤੇ, ਆਇਆ ਨਹੀਂਓਂ, ਖਾਲੀ ਜਾਣਾ ॥
ਤੇਰੇ, ਭਰਿਓ, ਰਹਿਣ, ਭੰਡਾਰ,
ਕਿ ਵੇਲਾ ਹੁਣ, ਤਾਰਣ ਦਾ ।
ਬਾਬਾ, ਆਜਾ, ਗੁਫ਼ਾ ਚੋਂ ਬਾਹਰ...
ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/36114/title/baba-aaja-aufa-cho-bahar-ki-vela-hun-taran-da

अपने Android मोबाइल पर BhajanGanga App डाउनलोड करें और भजनों का आनंद ले |